## ਜਾਂਚ ਦੌਰਾਨ

ਤੁਹਾਡੀ ਈ ਯੂ ਐੱਸ ਨੂੰ ਤਕਰੀਬਨ ਇਕ ਘੰਟਾ ਲੱਗੇਗਾ। ਅਸੀਂ ਤੁਹਾਡੇ ਬਣਾਉਟੀ ਦੰਦ ਅਤੇ ਨਜ਼ਰ ਦੀਆਂ ਐਨਕਾਂ ਸਾਂਭ ਲਵਾਂਗੇ ਅਤੇ ਤੁਹਾਨੂੰ ਪਾਉਣ ਲਈ ਇਕ ਗਾਊਨ ਦੇਵਾਂਗੇ। ਅਸੀਂ ਤੁਹਾਡੀ ਬਾਂਹ ਜਾਂ ਹੱਥ ਵਿਚ ਇੰਟਰਾਵੀਨਸ (ਆਈ ਵੀ) ਸ਼ੁਰੂ ਕਰਾਂਗੇ। ਟੈੱਸਟ ਦੌਰਾਨ ਅਸੀਂ ਤੁਹਾਡੇ ਬਲੱਡ ਪਰੈਸ਼ਰ, ਨਬਜ਼ ਅਤੇ ਆਕਸੀਜਨ ਦੇ ਪੱਧਰਾਂ 'ਤੇ ਨਿਗਰਾਨੀ ਰੱਖਾਂਗੇ। ਤੁਸੀਂ ਆਪਣੇ ਖੱਬੇ ਪਾਸੇ ਲੰਮੇ ਪਵੋਗੇ ਅਤੇ ਤੁਹਾਡਾ ਮੂੰਹ ਖੁਲ੍ਹਾ ਰੱਖਣ ਲਈ ਅਸੀਂ ਪਲਾਸਟਿਕ ਦਾ ਇਕ ਛੋਟਾ ਪੀਸ ਤੁਹਾਡੇ ਦੰਦਾਂ ਵਿਚਕਾਰ ਰੱਖਾਂਗੇ।

ਡਾਕਟਰ ਤੁਹਾਡੇ ਸੰਘ ਦੇ ਪਿਛਲੇ ਪਾਸੇ ਨੂੰ ਸੁੰਨ ਕਰਨ ਲਈ ਦਵਾਈ ਦੀ ਸਪਰੇਅ ਕਰ ਸਕਦਾ ਹੈ। ਤੁਹਾਨੂੰ ਆਰਾਮਦੇਹ ਕਰਨ ਅਤੇ ਸੁਲਾਉਣ ਲਈ ਡਾਕਟਰ ਤੁਹਾਨੂੰ ਦਵਾਈ ਦੇਵੇਗਾ। ਉਹ ਬਹੁਤ ਧਿਆਨ ਨਾਲ ਇੰਡੋਸਕੋਪ ਤੁਹਾਡੇ ਮੂੰਹ ਵਿਚ, ਤੁਹਾਡੇ ਗਲ ਦੇ ਹੇਠਾਂ ਅਤੇ ਤੁਹਾਡੀ ਇਸੋਫੇਗਸ (ਭੋਜਨ-ਨਾਲੀ) ਵਿਚ ਥੱਲੇ ਨੂੰ ਪਾਉਣਗੇ। ਤੁਸੀਂ ਆਮ ਦੀ ਤਰ੍ਹਾਂ ਸਾਹ ਲੈ ਸਕਦੇ ਹੋ। ਗੁਦਾ (ਰੈਕਟਲ) ਦੀ ਈ ਯੂ ਐੱਸ ਲਈ ਅਸੀਂ ਇੰਡੋਸਕੋਪ ਤੁਹਾਡੀ ਗੁਦਾ ਵਿਚ ਦੀ ਪਾਉਂਦੇ ਹਾਂ।

ਬਿਹਤਰ ਤਰੀਕੇ ਨਾਲ ਦੇਖਣ ਲਈ ਡਾਕਟਰ ਸਕੋਪ ਵਿਚ ਥੋੜ੍ਹੀ ਜਿਹੀ ਹਵਾ ਪਾ ਸਕਦਾ ਹੈ। ਇਹ ਹਵਾ ਤੁਹਾਡਾ ਪੇਟ ਆਫਰਿਆ ਹੋਇਆ ਜਾਂ ਸੁੱਜਿਆ ਹੋਇਆ ਮਹਿਸੂਸ ਕਰਵਾ ਸਕਦੀ ਹੈ।

ਅਸੀਂ ਅਕਸਰ ਤੁਹਾਡੇ ਤੁਹਾਡੇ ਪੇਟ ਅਤੇ ਅੰਤੜੀਆਂ (ਗੈਸਟਰੋਇਨਟੈਸਟਨਲ) ਦੇ ਹੇਠਲੇ ਲਾਂਘੇ ਦੀ ਦੀ ਈ ਯੂ ਐੱਸ ਬਿਨਾਂ ਸੁਲਾਉਣ ਦੇ ਸੁਰੱਖਿਅਤ ਅਤੇ ਆਰਾਮਦੇਹ ਤਰੀਕੇ ਨਾਲ ਕਰ ਸਕਦੇ ਹਾਂ। ਜੇ ਤੁਸੀਂ ਚਾਹੁੰਦੇ ਹੋਵੋ ਤਾਂ ਤੁਸੀਂ ਸੁਲਾਉਣ ਦੀ ਦਵਾਈ ਲੈਣ ਦੀ ਚੋਣ ਕਰ ਸਕਦੇ ਹੋ।

## ਈ ਯੂ ਐੱਸ ਤੋਂ ਬਾਅਦ

ਤੁਹਾਡੀ ਈ ਯੂ ਐੱਸ ਤੋਂ ਬਾਅਦ ਅਸੀਂ ਤਕਰੀਬਨ ਇਕ ਘੰਟੇ ਲਈ ਤੁਹਾਡੇ 'ਤੇ ਨਿਗ੍ਹਾ ਰੱਖਾਂਗੇ। ਤੁਹਾਡਾ ਗਲਾ ਥੋੜ੍ਹਾ ਜਿਹਾ ਦੁਖ ਸਕਦਾ ਹੈ, ਤੁਹਾਨੂੰ ਅਫਾਰਾ ਪਿਆ ਹੋਇਆ ਜਾਂ ਗੈਸ ਹੋਈ ਮਹਿਸੂਸ ਹੋ ਸਕਦਾ ਹੈ। ਤੁਸੀਂ ਬਾਕੀ ਦਿਨ ਲਈ ਆਮ ਖ਼ੁਰਾਕ ਜਾਂ ਸਾਫ ਤਰਲ ਲੈਣ ਦੇ ਯੋਗ ਹੋ ਸਕਦੇ ਹੋ ਜੋ ਕਿ ਇਸ ਚੀਜ਼ 'ਤੇ ਨਿਰਭਰ ਕਰਦਾ ਹੈ ਕਿ ਅਸੀਂ ਤੁਹਾਡੀ ਈ ਯੂ ਐੱਸ ਦੌਰਾਨ ਕੀ ਕਰਦੇ ਹਾਂ। ਤੁਹਾਡੇ ਦੋਸਤ ਜਾਂ ਪਰਿਵਾਰ ਦੇ ਮੈਂਬਰ ਨੂੰ ਤੁਹਾਨੂੰ ਜੀ ਆਈ ਕਲੀਨਿਕ ਤੋਂ ਚੁੱਕਣ ਦੀ ਅਤੇ ਤੁਹਾਨੂੰ ਘਰ ਲਿਜਾਣ ਦੀ ਲੋੜ ਪਵੇਗੀ। ਉਨ੍ਹਾਂ ਨੂੰ ਤੁਹਾਡੇ ਕੋਲ ਕੁਝ ਘੰਟੇ ਰਹਿਣਾ ਚਾਹੀਦਾ ਹੈ ਤਾਂ ਜੋ ਇਹ ਪੱਕਾ ਹੋਵੇ ਕਿ ਹਰ ਇਕ ਚੀਜ਼ ਠੀਕ ਹੈ। ਦਿਨ ਭਰ ਲਈ ਗੱਡੀ ਨਾ ਚਲਾਉ ਜਾਂ ਕੰਮ 'ਤੇ ਵਾਪਸ ਨਾ ਜਾਉ। ਜੇ ਤੁਹਾਡੇ ਬਹੁਤ ਜ਼ਿਆਦਾ ਦਰਦ ਹੋਵੇ ਜਾਂ ਬਲੀਡਿੰਗ ਹੋਵੇ ਤਾਂ ਤੁਹਾਨੂੰ ਨੇੜੇ ਦੀ ਐਮਰਜੰਸੀ ਵਿਚ ਜਾਣਾ ਚਾਹੀਦਾ ਹੈ।

## ਨਤੀਜੇ

ਤੁਹਾਡੇ ਘਰ ਜਾਣ ਤੋਂ ਪਹਿਲਾਂ ਅਸੀਂ ਤੁਹਾਨੂੰ ਦੱਸਾਂਗੇ ਕਿ ਈ ਯੂ ਐੱਸ ਦੇ ਨਤੀਜਿਆਂ ਦੀ ਪੈਰਵੀ ਕਿਵੇਂ ਕਰਨੀ ਹੈ। ਤੁਹਾਡਾ ਡਾਕਟਰ ਤੁਹਾਡੀ ਈ ਯੂ ਐੱਸ ਤੋਂ ਬਾਅਦ ਤੁਹਾਡੇ ਨਾਲ ਨਤੀਜਿਆਂ ਬਾਰੇ ਗੱਲ ਕਰ ਸਕਦਾ ਹੈ, ਪਰ ਜੇ ਅਸੀਂ ਬਾਇਓਪਸੀ ਦਾ ਵਿਸ਼ਲੇਸ਼ਣ ਕਰਨਾ ਹੋਵੇ ਤਾਂ ਇਸ ਨੂੰ ਕਈ ਦਿਨ ਲੱਗਣਗੇ। ਜੇ ਬਾਇਓਪਸੀ ਨੌਰਮਲ ਨਾ ਹੋਵੇ ਤਾਂ ਤੁਹਾਡਾ ਸਪੈਸ਼ਲਿਸਟ ਨਤੀਜਿਆਂ ਬਾਰੇ ਗੱਲ ਕਰਨ ਲਈ ਤੁਹਾਨੂੰ ਫੋਨ ਕਰੇਗਾ।

## ਸਵਾਲ

ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਣ ਤਾਂ ਕਿਰਪਾ ਕਰਕੇ ਆਪਣੇ ਫੈਮਿਲੀ ਡਾਕਟਰ ਜਾਂ ਆਪਣੇ ਸਪੈਸ਼ਲਿਸਟ ਨਾਲ ਗੱਲ ਕਰੋ।

ਇਹ ਸਾਮੱਗਰੀ ਮਰੀਜ਼ਾਂ, ਪਰਿਵਾਰਾਂ ਅਤੇ ਸਟਾਫ ਵਲੋਂ ਵਿਚਾਰੀ ਅਤੇ ਪ੍ਰਵਾਨਿਤ ਕੀਤੀ ਗਈ ਹੈ।

PATIENT APPROVED

ਹੋਰ ਕਾਪੀਆਂ ਲੈਣ ਲਈ http://phc.eduhealth.ca
'ਤੇ ਜਾਉ ਜਾਂ phem@providencehealth.bc.ca
'ਤੇ ਈਮੇਲ ਕਰੋ ਅਤੇ ਕੈਟਾਲੌਗ ਨੰਬਰ **FK.140.UL8.PU.PHC** ਦੱਸੋ।
ਕਾਪੀਰਾਈਟ: ਪ੍ਰੌਵੀਡੈਂਸ ਹੈਲਥ ਕੇਅਰ
www.providencehealth.bc.ca

ਇਸ ਲਿਖਤ ਵਿਚਲੀ ਜਾਣਕਾਰੀ ਸਿਰਫ ਉਸ ਵਿਅਕਤੀ ਲਈ ਹੈ ਜਿਸ ਨੂੰ ਇਹ ਹੈਲਥ ਕੇਅਰ ਟੀਮ ਵਲੋਂ ਦਿੱਤੀ ਗਈ ਸੀ।

Vancouver Coastal Health — Promoting wellness. Ensuring care.

Providence Health Care — How you want to be treated.

**Punjabi**

# What is EUS?

**Endoscopic Ultrasonography (EUS)**

# ਈ ਯੂ ਐੱਸ ਕੀ ਹੈ?

## ਇੰਡੋਸਕੋਪਿਕ ਅਲਟਰਾਸੋਨੋਗ੍ਰਾਫੀ (ਈ ਯੂ ਐੱਸ)

FK.140.UL8.PU.PHC (Sep-15)

## ਵਿਆਖਿਆ

ਇੰਡੋਸਕੋਪਿਕ ਅਲਟਰਾਸੋਨੋਗ੍ਰਾਫੀ (ਈ ਯੂ ਐੱਸ) ਤੁਹਾਡੇ ਸਪੈਸ਼ਲਿਸਟ ਨੂੰ ਤੁਹਾਡੀ ਇਸੋਫੇਗਸ (ਭੋਜਨ-ਨਾਲੀ), ਪੇਟ ਅਤੇ ਅੰਤੜੀਆਂ ਅਤੇ ਗੁਦਾ (ਰੈਕਟਲ) ਦੀਆਂ ਬਾਹਰੀ ਪਰਤਾਂ ਨੂੰ ਦੇਖਣ ਦਿੰਦੀ ਹੈ। ਇਹ ਟੈੱਸਟ ਗੈਸਟਰੋਇਨਟਰੋਲੋਜਿਸਟ ਵਲੋਂ ਕੀਤਾ ਜਾਂਦਾ ਹੈ ਜੋ ਕਿ ਪੇਟ ਅਤੇ ਅੰਤੜੀਆਂ ਦੇ ਲਾਂਘੇ ਬਾਰੇ ਖਾਸ ਪੜ੍ਹਾਈ ਵਾਲਾ ਡਾਕਟਰ ਹੁੰਦਾ ਹੈ। ਡਾਕਟਰ ਇਕ ਇੰਡੋਸਕੋਪ ਦੀ ਵਰਤੋਂ ਕਰਦਾ ਹੈ, ਜੋ ਕਿ ਇਕ ਬਾਰੀਕ, ਲਚਕਦਾਰ ਟਿਊਬ ਹੁੰਦੀ ਹੈ ਜਿਸ ਉੱਪਰ ਇਕ ਵੀਡੀਓ ਕੈਮਰਾ ਅਤੇ ਅਲਟਰਾਸਾਊਂਡ ਯੰਤਰ ਲੱਗਾ ਹੁੰਦਾ ਹੈ। ਵੀਡੀਓ ਕੈਮਰਾ ਮੌਨੀਟਰ ਨੂੰ ਚਿੱਤਰ ਭੇਜਦਾ ਹੈ ਅਤੇ ਅਲਟਰਾਸੌਨਿਕ ਤਰੰਗਾਂ ਡਾਕਟਰ ਵਲੋਂ ਅਰਥ ਕੱਢੇ ਜਾਣ ਲਈ ਚਿੱਤਰ ਬਣਾਉਂਦੀਆਂ ਹਨ।




ਜੇ ਤੁਹਾਡਾ ਡਾਕਟਰ ਤੁਹਾਡੇ ਮੂੰਹ ਰਾਹੀਂ ਈ ਯੂ ਐੱਸ ਕਰਦਾ ਹੈ ਤਾਂ ਅਸੀਂ ਤੁਹਾਡੀ ਇਸੋਫੇਗਸ (ਭੋਜਨ-ਨਾਲੀ), ਪੇਟ ਅਤੇ ਡਿਊਡੀਨਮ ਨੂੰ ਦੇਖ ਸਕਦੇ ਹਾਂ ਅਤੇ ਪੈਂਕਰੀਅਸ ਅਤੇ ਪਿੱਤ ਨਾਲੀਆਂ (ਬਾਇਲ ਡੱਕਟਸ) ਵੀ ਦੇਖ ਸਕਦੇ ਹਾਂ। ਜੇ ਤੁਹਾਡਾ ਡਾਕਟਰ ਇਹ ਟੈੱਸਟ ਤੁਹਾਡੀ ਗੁਦਾ (ਏਨੱਸ) ਰਾਹੀਂ ਕਰਦਾ ਹੈ ਤਾਂ ਅਸੀਂ ਤੁਹਾਡਾ ਮਲ-ਦੁਆਰ (ਰੈਕਟਮ) ਅਤੇ ਕੋਲਨ (ਵੱਡੀ ਆਂਦਰ ਦਾ ਹੇਠਲਾ ਹਿੱਸਾ) ਦੇਖ ਸਕਦੇ ਹਾਂ। ਅਸੀਂ ਇੰਡੋਸਕੋਪ ਰਾਹੀਂ ਟਿਸ਼ੂ ਦਾ ਨਮੂਨਾ (ਬਾਇਓਪਸੀ) ਵੀ ਲੈ ਸਕਦੇ ਹਾਂ।

## ਅਸੀਂ ਈ ਯੂ ਐੱਸ ਕਿਉਂ ਕਰਦੇ ਹਾਂ

ਅਸੀਂ ਜਾਣੀਆਂ ਜਾਂਦੀਆਂ ਅਸਾਧਾਰਨਤਾਵਾਂ ਨੂੰ ਦੇਖਣ ਲਈ ਈ ਯੂ ਐੱਸ ਕਰਦੇ ਹਾਂ ਜਿਸ ਵਿਚ ਗਿਲਟੀਆਂ (ਲੰਪਸ) ਅਤੇ ਜ਼ਖਮ (ਲੀਜ਼ਨ) ਸ਼ਾਮਲ ਹਨ। ਕਾਰਨ ਲੱਭਣ ਲਈ ਅਸੀਂ ਇੰਡੋਸਕੋਪ ਰਾਹੀਂ ਬਾਇਓਪਸੀ ਲੈ ਸਕਦੇ ਹਾਂ।

ਅਸੀਂ ਉਦੋਂ ਪੇਟ ਵਿਚਲੀ ਦਰਦ ਦਾ ਕਾਰਨ ਲੱਭਣ ਲਈ ਟੈੱਸਟ ਕਰ ਸਕਦੇ ਹਾਂ ਜਦੋਂ ਹੋਰ ਟੈੱਸਟ ਸਪਸ਼ਟ ਨਤੀਜੇ ਨਾ ਦਿਖਾਉਂਦੇ ਹੋਣ। ਉਦਾਹਰਣ ਲਈ, ਈ ਯੂ ਐੱਸ ਨਾਲ ਅਸੀਂ ਮਸਾਨੇ ਦੀਆਂ ਪਥਰੀਆਂ ਜਾਂ ਪੈਂਕਰੀਅਸ ਦੀ ਸੋਜ ਲੱਭ ਸਕਦੇ ਹਾਂ। ਜੇ ਤੁਹਾਨੂੰ ਪਾਚਣ (ਡਾਈਜੈਸਟਿਵ) ਜਾਂ ਸਾਹ ਦੇ ਸਿਸਟਮਾਂ ਦੀ ਕੈਂਸਰ ਹੋਵੇ ਤਾਂ ਅਸੀਂ ਈ ਯੂ ਐੱਸ ਦੀ ਵਰਤੋਂ ਇਹ ਪਤਾ ਲਾਉਣ ਲਈ ਕਰ ਸਕਦੇ ਹਾਂ ਕਿ ਕੈਂਸਰ ਕਿੰਨਾ ਕੁ ਫੈਲੀ ਹੈ। ਇਲਾਜ ਦੇ ਫੈਸਲੇ ਕਰਨ ਵਿਚ ਮਦਦ ਲਈ ਅਸੀਂ ਬਾਇਓਪਸੀ ਵੀ ਲੈ ਸਕਦੇ ਹਾਂ।

## ਖਤਰੇ

ਕਿਸੇ ਵੀ ਮੈਡੀਕਲ ਇਲਾਜ ਵਾਂਗ, ਈ ਯੂ ਐੱਸ ਕਰਵਾਉਣ ਦੇ ਖਤਰੇ ਵੀ ਹਨ। ਪਰ, ਸਮੱਸਿਆਵਾਂ ਬਹੁਤ ਘੱਟ ਹਨ। ਈ ਯੂ ਐੱਸ ਵਾਲੇ 100 ਲੋਕਾਂ ਵਿੱਚੋਂ ਤਕਰੀਬਨ 1 ਵਿਅਕਤੀ ਨੂੰ ਸਮੱਸਿਆਵਾਂ ਆਉਣਗੀਆਂ। ਸੰਭਵ ਸਮੱਸਿਆਵਾਂ ਵਿਚ ਇਹ ਸ਼ਾਮਲ ਹਨ:

- ਉਸ ਥਾਂ ਤੋਂ ਖੂਨ ਪੈਣਾ ਜਿੱਥੇ ਅਸੀਂ ਬਾਇਓਪਸੀ ਲੈਂਦੇ ਹਾਂ ਜਾਂ ਅਸਾਧਾਰਨ ਟਿਸ਼ੂ ਨੂੰ ਕੱਢਦੇ ਹਾਂ।
- ਆਰਾਮਦੇਹ ਕਰਨ ਵਾਲੀ ਉਸ ਦਵਾਈ ਦਾ ਮਾੜਾ ਰੀਐਕਸ਼ਨ ਜਿਹੜੀ ਅਸੀਂ ਤੁਹਾਨੂੰ ਸੁਲਾਉਣ ਲਈ ਦਿੰਦੇ ਹਾਂ।
- ਤੁਹਾਡੇ ਪੇਟ ਅਤੇ ਅੰਤੜੀਆਂ (ਗੈਸਟਰੋਇਨਟੈਸਟਨਲ) ਦੇ ਲਾਂਘੇ ਦੀ ਅੰਦਰਲੀ ਤਹਿ ਵਿਚ ਸੁਰਾਖ, ਜਾਂ ਚੀਰ।
- ਇਨਫੈਕਸ਼ਨ।
- ਐਸਪੀਰੇਸ਼ਨ (ਪੇਟ ਦੀ ਸਾਮੱਗਰੀ ਫੇਫੜਿਆਂ ਵਿਚ ਜਾਣਾ)।

ਸਮੱਸਿਆਵਾਂ ਦਾ ਖਤਰਾ ਬਦਲਦਾ ਰਹਿੰਦਾ ਹੈ ਜੋ ਕਿ ਇਸ ਚੀਜ਼ 'ਤੇ ਨਿਰਭਰ ਕਰਦਾ ਹੈ ਕਿ ਤੁਹਾਡੀ ਈ ਯੂ ਐੱਸ ਦੌਰਾਨ ਅਸੀਂ ਕੀ ਕਰਦੇ ਹਾਂ। ਉਦਾਹਰਣ ਲਈ, ਜੇ ਅਸੀਂ ਟਿਸ਼ੂ ਦਾ ਨਮੂਨਾ ਲੈਣ ਲਈ ਸੂਈ ਦੀ ਵਰਤੋਂ ਕਰਦੇ ਹਾਂ (ਨੀਡਲ ਬਾਇਓਪਸੀ) ਤਾਂ ਪੈਂਕਰੀਅਸ ਦੀ ਸੋਜ (ਪੈਂਕਰੀਆਟਾਈਟਸ) ਅਤੇ ਇਨਫੈਕਸ਼ਨ ਦਾ ਖਤਰਾ ਵਧਦਾ ਹੈ। ਟੈੱਸਟ ਲਈ ਸਹਿਮਤੀ ਫਾਰਮ 'ਤੇ ਤੁਹਾਡੇ ਦਸਖਤ ਕਰਾਉਣ ਤੋਂ ਪਹਿਲਾਂ ਡਾਕਟਰ ਤੁਹਾਨੂੰ ਖਤਰਿਆਂ ਬਾਰੇ ਜ਼ਿਆਦਾ ਦੱਸੇਗਾ।

## ਤੁਸੀਂ ਈ ਯੂ ਐੱਸ ਲਈ ਤਿਆਰ ਕਿਵੇਂ ਹੁੰਦੇ ਹੋ

- ਕੰਮ ਤੋਂ ਸਾਰਾ ਦਿਨ ਲਈ ਛੁੱਟੀ ਕਰੋ। ਇਹ ਪ੍ਰਬੰਧ ਕਰੋ ਕਿ ਕੋਈ ਦੋਸਤ ਜਾਂ ਪਰਿਵਾਰ ਦਾ ਮੈਂਬਰ ਤੁਹਾਨੂੰ ਜੀ ਆਈ ਕਲੀਨਿਕ ਵਿੱਚੋਂ ਚੁੱਕੇ, ਘਰ ਨੂੰ ਲੈ ਕੇ ਜਾਵੇ ਅਤੇ ਕੁਝ ਘੰਟਿਆਂ ਲਈ ਤੁਹਾਡੇ ਨਾਲ ਰਹੇ।
- ਟੈੱਸਟ ਤੋਂ ਪਹਿਲਾਂ ਦੀ ਅੱਧੀ ਰਾਤ ਤੋਂ ਬਾਅਦ, ਕੋਈ ਵੀ ਚੀਜ਼ ਖਾਉ ਜਾਂ ਪੀਉ ਨਾ (ਪਾਣੀ ਵੀ ਨਹੀਂ)।
- ਲਈਆਂ ਜਾਣ ਵਾਲੀਆਂ ਦਵਾਈਆਂ ਅਤੇ ਕਿਸੇ ਵੀ ਐਲਰਜੀ ਬਾਰੇ ਆਪਣੇ ਸਪੈਸ਼ਲਿਸਟ ਨੂੰ ਦੱਸੋ। ਜੇ ਤੁਹਾਨੂੰ ਲੇਟੈਕਸ ਤੋਂ ਐਲਰਜੀ ਹੋਵੇ ਤਾਂ ਡਾਕਟਰ ਨੂੰ ਦੱਸਣਾ ਬਹੁਤ ਜ਼ਰੂਰੀ ਹੈ। ਅਸੀਂ ਈ ਯੂ ਐੱਸ ਦੌਰਾਨ ਲੇਟੈਕਸ ਭਕਾਨਿਆਂ ਦੀ ਵਰਤੋਂ ਕਰਦੇ ਹਾਂ।
- ਜੇ ਤੁਸੀਂ ਖੂਨ ਪਤਲਾ ਕਰਨ ਵਾਲੀ ਕੋਈ ਦਵਾਈ ਲੈ ਰਹੇ ਹੋ ਤਾਂ ਆਪਣੇ ਸਪੈਸ਼ਲਿਸਟ ਨੂੰ ਦੱਸੋ। ਇਸ ਵਿਚ ਕੂਮਾਡਿਨ (ਵਾਰਫਾਰਿਨ), ਹੈਪਾਰਿਨ, ਪਲੈਵਿਕਸ (ਕਲੋਪਿਡੋਗਰੇਲ) ਅਤੇ ਐਸਪਰੀਨ (ਏ ਐੱਸ ਏ ਜਾਂ ਐਸੀਟੋਸੈਲੇਸਿਲਕ ਐਸਿਡ) ਸ਼ਾਮਲ ਹਨ।
- ਜੇ ਤੁਸੀਂ ਕੋਈ ਦਵਾਈ ਸ਼ੂਗਰ ਜਾਂ ਆਪਣੇ ਦਿਲ ਲਈ ਲੈ ਰਹੇ ਹੋਵੋ ਤਾਂ ਆਪਣੇ ਸਪੈਸ਼ਲਿਸਟ ਨੂੰ ਦੱਸੋ।
- ਆਪਣੇ ਸਪੈਸ਼ਲਿਸਟ ਨਾਲ ਗੱਲ ਕਰੋ ਕਿ ਟੈੱਸਟ ਦੀ ਸਵੇਰ ਨੂੰ ਤੁਹਾਨੂੰ ਕਿਹੜੀਆਂ ਦਵਾਈਆਂ ਲੈਣ ਦੀ ਲੋੜ ਹੈ। ਦਵਾਈਆਂ ਘੱਟ ਤੋਂ ਘੱਟ ਪਾਣੀ ਨਾਲ ਲਉ।
- ਜੇ ਤੁਹਾਡੀ ਗੁਦਾ ਦੀ ਈ ਯੂ ਐੱਸ ਹੋ ਰਹੀ ਹੋਵੇ ਤਾਂ ਤੁਹਾਨੂੰ ਪੇਟ ਖਾਲੀ ਕਰਨ ਵਾਲਾ ਘੋਲ ਪੀਣ ਜਾਂ ਫਲੀਟ ਅਨੀਮੀਏ ਦੇ ਨਾਲ ਸਾਫ ਤਰਲ ਖੁਰਾਕ ਲੈਣ ਦੀ ਲੋੜ ਹੋ ਸਕਦੀ ਹੈ। ਤੁਹਾਡਾ ਸਪੈਸ਼ਲਿਸਟ ਤੁਹਾਨੂੰ ਵਿਸਥਾਰ ਵਿਚ ਜਾਣਕਾਰੀ ਦੇਵੇਗਾ।